**Series A6BAB/C** **SET~3**

**Q.P. Code 222/6/3**

*Roll No.*

| | | | | | | | |
|---|---|---|---|---|---|---|---|
| | | | | | | | |

Candidates must write the Q.P. Code on the title page of the answer-book.

**ਨੋਟ / NOTE :**

(i) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **6** ਪੰਨੇ **+ 1** ਮਾਨਚਿੱਤਰ ਹਨ ।
Please check that this question paper contains **6** printed pages **+ 1** Map.

(ii) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(iii) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **10** ਪ੍ਰਸ਼ਨ ਹਨ ।
Please check that this question paper contains **10** questions.

(iv) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
**Please write down the serial number of the question in the answer-book before attempting it.**

(v) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਇਤਿਹਾਸ

## (ਪੰਜਾਬੀ ਉਲਥਾ)

# HISTORY

## (Punjabi Version)

*ਸਮਾਂ ਸੀਮਾਂ : 2 ਘੰਟੇ* *ਪੂਰਨ ਅੰਕ : 40*

*Time allowed : 2 hours* *Maximum Marks : 40*

***ਵਿਆਪਕ ਨਿਰਦੇਸ਼:***

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ **10** ਪ੍ਰਸ਼ਨ ਹਨ ।*

*(ii)* *ਇਹ ਪ੍ਰਸ਼ਨ ਪੱਤਰ **ਚਾਰ** ਖੰਡਾਂ ਵਿਚ ਵੰਡਿਆ ਗਿਆ ਹੈ – **ਖੰਡ ਕ, ਖ, ਗ** ਅਤੇ **ਘ** ।*

*(iii)* ***ਸਾਰੇ** ਪ੍ਰਸ਼ਨ ਜ਼ਰੂਰੀ ਹਨ । ਹਰ ਇਕ ਪ੍ਰਸ਼ਨ ਦੇ ਸਾਹਮਣੇ ਨਿਰਧਾਰਿਤ ਅੰਕ ਦਿਤੇ ਗਏ ਹਨ ।*

*(iv)* ***ਖੰਡ ਕ** – ਪ੍ਰਸ਼ਨ ਸੰਖਿਆ **1** ਤੋਂ **4** ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ **3** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **80** ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(v)* ***ਖੰਡ ਖ** – ਪ੍ਰਸ਼ਨ ਸੰਖਿਆ **5** ਤੋਂ **7** ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ **6** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **150 – 200** ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(vi)* ***ਖੰਡ ਗ** – ਪ੍ਰਸ਼ਨ ਸੰਖਿਆ **8** ਅਤੇ **9** ਕੇਸ–ਅਧਾਰਿਤ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ, ਉਪ–ਪ੍ਰਸ਼ਨਾਂ ਦੇ ਨਾਲ **4** ਅੰਕ ਦਾ ਹੈ ।*

*(vii)* ***ਖੰਡ ਘ** – ਪ੍ਰਸ਼ਨ ਸੰਖਿਆ **10** ਮਾਨਚਿੱਤਰ–ਅਧਾਰਿਤ ਪ੍ਰਸ਼ਨ ਹੈ, ਜੋ ਕਿ **2** ਅੰਕ ਦਾ ਹੈ ।*

*(viii)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹਨ, ਫਿਰ ਵੀ, ਕੁਲ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਅਜੇਹੇ ਵਿਕਲਪਿਤ ਪ੍ਰਸ਼ਨਾਂ ਵਿਚੋਂ ਸਿਰਫ ਇਕ ਪ੍ਰਸ਼ਨ ਦਾ ਹੀ ਉੱਤਰ ਲਿਖਣਾ ਹੈ ।*

## ਖੰਡ ਕ

### (ਛੋਟੇ ਉੱਤਰ ਵਾਲੇ ਪ੍ਰਸ਼ਨ) *4×3=12*

**1.** ਭਾਰਤ ਦੀ ਸੰਵਿਧਾਨ ਸਭਾ ਵਿਚ ਡਾ. ਬੀ.ਆਰ. ਅੰਬੇਡਕਰ ਦੀ ਭੂਮਿਕਾ ਨੂੰ ਸਪਸ਼ਟ ਕਰੋ । *3*

2. (a) ਲਾਰਡ ਵੇਲੇਜ਼ਲੀ ਰਾਹੀਂ ਤਿਆਰ ਕੀਤੀ ਗਈ 'ਸਹਾਇਕ ਸੰਧੀ ਵਿਵਸਥਾ' ਦਾ ਸਮਾਲੋਚਨਾਤਮਕ ਵਿਸ਼ਲੇਸ਼ਣ ਕਰੋ । *3*

**ਜਾਂ**

(b) 1857 ਦੇ ਵਿਦਰੋਹੀਆਂ ਨੇ ਕਿਵੇਂ ਆਪਣੇ ਵਿਚਾਰਾਂ ਦਾ ਪ੍ਰਸਾਰ ਕੀਤਾ ? ਪਰਖ ਕਰੋ । *3*

3. 'ਇਸਤਮਰਾਰੀ ਬੰਦੋਬਸਤ ਵਿਵਸਥਾ' ਵਿਚ ਜੋਤਦਾਰਾਂ ਨੇ ਜ਼ਮੀਦਾਰਾਂ ਦੇ ਅਧਿਕਾਰਾਂ ਨੂੰ ਕਿਵੇਂ ਕਮਜ਼ੋਰ ਕਰ ਦਿਤਾ ? ਵਿਆਖਿਆ ਕਰੋ । *3*

4. ਭਾਰਤ ਦੀ ਸੰਵਿਧਾਨ ਸਭਾ ਵਿਚ ਜਵਾਹਰ ਲਾਲ ਨੇਹਰੂ ਦੀ ਭੂਮਿਕਾ ਦਾ ਵਰਣਨ ਕਰੋ । *3*

## ਖੰਡ ਖ

## (ਲੰਬੇ ਉੱਤਰ ਵਾਲੇ ਪ੍ਰਸ਼ਨ) *3×6=18*

5. "ਉੱਤਰ ਭਾਰਤ ਵਿਚ ਫੈਲੀਆਂ ਅਫਵਾਹਾਂ ਅਤੇ ਭਵਿੱਖਵਾਣੀਆਂ ਨੇ 1857 ਦੇ ਵਿਦਰੋਹ ਵਿਚ ਮਹਤਵਪੂਰਣ ਭੂਮਿਕਾ ਨਿਭਾਈ ।" ਢੁਕਵੀਆਂ ਉਦਾਹਰਣਾਂ ਦੇ ਨਾਲ ਕਥਨ ਨੂੰ ਸਪਸ਼ਟ ਕਰੋ । *6*

6. (a) "ਅਜੇਹੇ ਵਖੋ ਵਖ ਪ੍ਰਕਾਰ ਦੇ ਸਰੋਤ ਹਨ, ਜਿਨ੍ਹਾਂ ਦੀ ਵਰਤੋਂ ਇਤਿਹਾਸਕਾਰ ਮਹਾਤਮਾ ਗਾਂਧੀ ਦੇ ਜੀਵਨ ਚਕਰ ਅਤੇ ਉਨ੍ਹਾਂ ਸਮਾਜਕ ਅੰਦੋਲਨਾਂ ਨੂੰ ਮੁੜ ਸੁਰਜੀਤ ਕਰਨ ਦੇ ਲਈ ਕਰਦੇ ਹਨ ਜਿਨ੍ਹਾਂ ਨਾਲ ਉਹ ਜੁੜੇ ਹੋਏ ਸਨ ।" ਢੁਕਵੀਆਂ ਉਦਾਹਰਣਾਂ ਦੇ ਨਾਲ ਕਥਨ ਨੂੰ ਸਪਸ਼ਟ ਕਰੋ । *6*

**ਜਾਂ**

(b) "ਨਾਮਿਲਵਰਤਨ ਅੰਦੋਲਨ ਸਵੈਸ਼ਾਸਨ ਦੇ ਲਈ ਇਕ ਸਿਖਲਾਈ (ਟਰੇਨਿੰਗ) ਸੀ ।" ਢੁਕਵੀਆਂ ਉਦਾਹਰਣਾਂ ਦੇ ਨਾਲ ਇਸ ਕਥਨ ਨੂੰ ਸਪਸ਼ਟ ਕਰੋ । *6*

7. (a) ਮੁਗਲ ਪ੍ਰਾਂਤਿਕ ਪ੍ਰਸ਼ਾਸਨ ਦੀਆਂ ਮੁਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *6*

**ਜਾਂ**

(b) ਮੁਗਲਾਂ ਦੇ ਸ਼ਾਹੀ ਘਰਾਣੇ ਦੀਆਂ ਮੁਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *6*

## ਖੰਡ ਗ

## (ਕੇਸ-ਅਧਾਰਿਤ ਪ੍ਰਸ਼ਨ) *2×4=8*

**8.** ਹੇਠ ਦਿਤੇ ਗਏ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਦੇ ਹੇਠ ਦਿਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : *1+2+1=4*

### ਇਕ ਨਵੇਂ ਜੁਗ ਦੀ ਸ਼ੁਰੂਆਤ

ਭਾਰਤੀ ਸੰਵਿਧਾਨ 26 ਜਨਵਰੀ, 1950 ਨੂੰ ਹੋਂਦ ਵਿਚ ਬਣਿਆ ਅਤੇ ਇਹ ਸਾਰੀ ਦੁਨੀਆਂ ਵਿਚ ਸਭ ਤੋਂ ਲੰਬ ਸੰਵਿਧਾਨ ਹੈ । ਜੇਕਰ ਅਸੀਂ ਆਪਣੇ ਦੇਸ਼ ਦੇ ਆਕਾਰ ਅਤੇ ਵਖੇਵਿਆਂ ਉਪਰ ਧਿਆਨ ਦੇਈਏ ਤਾਂ ਅਸੀ ਇਸ ਦੀ ਲੰਬਾਈ ਅਤੇ ਪੇਚੀਦਗੀ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ । ਆਜ਼ਾਦੀ ਦੇ ਸਮੇਂ ਭਾਰਤ ਨਾ ਸਿਰਫ ਇਕ ਬਹੁਤ ਵੱਡਾ ਅਤੇ ਵਖੇਵਿਆਂ ਭਰਿਆ ਬਲਕਿ ਡੂੰਘੇ ਤੋਰ ਤੇ ਵਿਖਰਿਆ ਹੋਇਆ ਦੇਸ਼ ਵੀ ਸੀ । ਅਜੇਹੇ ਵਿਚ ਦੇਸ਼ ਦੀ ਇਕਜੁਟਤਾ ਅਤੇ ਅਗਾਂਹ ਵਧਣ ਦੇ ਲਈ ਇਕ ਵਿਸਤਰਿਤ, ਡੂੰਘੇ ਵਿਚਾਰ-ਤਕਰਾਰ ਉਪਰ ਅਧਾਰਤ ਅਤੇ ਸਾਵਧਾਨੀ ਪੂਰਕ ਇਕ ਸੂਤਰ ਵਿਚ ਪਰੋਇਆ ਸੰਵਿਧਾਨ ਲਾਜ਼ਮੀ ਸੀ । ਸਾਡੇ ਸੰਵਿਧਾਨ ਨੇ ਭੂਤਕਾਲ ਅਤੇ ਵਰਤਮਾਨ ਦੇ ਜ਼ਖਮਾਂ ਦੇ ਮਲਹਮ ਲਗਾਣ ਅਤੇ ਵਖੋ ਵਖ ਵਰਗਾਂ (ਸਮੂਹਾਂ), ਜਾਤੀਆਂ ਅਤੇ ਭਾਈਚਾਰਿਆਂ ਵਿਚ ਵੰਡੇ ਭਾਰਤੀਆਂ ਨੂੰ ਇਕ ਸਾਂਝਾ ਰਾਜਨੀਤਕ ਪ੍ਰਯੋਗ ਵਿਚ ਸ਼ਾਮਲ ਹੋਣ ਲਈ ਮਦਦ ਕੀਤੀ ਹੈ । ਦੂਸਰੇ ਪਾਸੇ, ਇਸ ਸੰਵਿਧਾਨ ਨੇ ਲੰਬੇ ਸਮੇਂ ਤੋਂ ਚਲੀ ਆ ਰਹੀ ਊਚ-ਨੀਚ ਅਤੇ ਅਧੀਨਤਾ ਦੇ ਸਭਿਆਚਾਰ ਵਿਚ ਲੋਕਤੰਤਰੀ ਸੰਸਥਾਨਾਂ ਨੂੰ ਵਿਕਸਿਤ ਕਰਨ ਦੀ ਵੀ ਕੋਸ਼ਿਸ ਕੀਤੀ ਹੈ ।

ਭਾਰਤ ਦੇ ਸੰਵਿਧਾਨ ਨੂੰ ਦਿਸੰਬਰ, 1946 ਤੋਂ ਦਿਸੰਬਰ, 1949 ਦੇ ਦਰਮਿਆਨ ਤਿਆਰ ਕੀਤਾ ਗਿਆ । ਇਸ ਦੌਰਾਨ ਭਾਰਤ ਦੀ ਸੰਵਿਧਾਨ ਸਭਾ ਵਿਚ ਇਸ ਦੇ ਮਸੌਦੇ (ਖਰੜੇ) ਦੇ ਇਕ-ਇਕ ਭਾਗ ਉਪਰ ਲੰਬੀਆਂ ਚਰਚਾਵਾਂ ਹੋਈਆਂ । ਸੰਵਿਧਾਨ ਸਭਾ ਦੇ ਕੁਲ 11 ਸਤਰ (ਸੈਸ਼ਨ) ਹੋਏ ਜਿਨ੍ਹਾਂ ਵਿਚ 165 ਦਿਨ ਬੈਠਕਾਂ ਹੋਈਆਂ । ਸਤਰਾਂ ਦੇ ਦਰਮਿਆਨ ਵਖੋ ਵਖ ਕਮੇਟੀਆਂ ਅਤੇ ਉਪ-ਕਮੇਟੀਆਂ ਮਸੌਦੇ ਨੂੰ ਸੁਧਾਰਨ ਅਤੇ ਸਵਾਰਨ ਦਾ ਕੰਮ ਕਰ ਦੀਆਂ ਸਨ ।

(8.1) ਦੇਸ਼ ਦੀ ਇਕ ਜੁਟਤਾ ਦੇ ਲਈ ਭਾਰਤੀ ਸੰਵਿਧਾਨ ਨੂੰ ਕਿਵੇ ਇਕ ਸੂਤਰ ਵਿਚ ਪਰੋਇਆ ਗਿਆ ? *1*

(8.2) ਸੰਵਿਧਾਨ ਸਭਾ ਦੇ ਸਦਸਾਂ ਨੇ ਕੇਂਦਰੀਕਰਨ ਨੂੰ ਜ਼ਰੂਰੀ ਕਿਉਂ ਸਮਝਿਆ ? *2*

(8.3) ਕਿਸ ਸਭਾ ਰਾਹੀਂ ਭਾਰਤੀ ਸੰਵਿਧਾਨ ਦਾ ਸਰੂਪ ਤੈ ਕੀਤਾ ਗਿਆ ? *1*

**9.** ਹੇਠ ਦਿਤੇ ਗਏ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਦੇ ਹੇਠ ਦਿਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : *1+2+1=4*

**ਹੀਰਿਆਂ (ਰਤਨਾਂ) ਨਾਲ ਜੜਿਆ ਸਿੰਘਾਸਨ**

ਆਗਰਾ ਮਹਿਲ ਨੇ ਨਜਤਕ ਸਭਾ ਭਵਨ ਵਿਚ ਰਖੇ ਸ਼ਾਹਜਹਾ ਦੇ ਹੀਰਿਆਂ (ਰਤਨਾਂ) ਨਾਲ ਜੜਿਆ ਸਿੰਘਾਸਨ *(ਤਖ਼ਤ–ਏ–ਮੁਰੱਸਾ)* ਦੇ ਬਾਰੇ ਵਿਚ *ਬਾਦਸ਼ਾਹਨਾਮਾ* ਵਿਚ ਲਿਖਿਆ ਹੈ :

> ਸਿੰਘਾਸਨ ਦੀ ਸ਼ਾਨਦਾਰ ਬਣਤਰ ਵਿਚ ਇਕ ਛਤਰੀ ਹੈ ਜਿਹੜੀ ਬਾਰਾਂ ਕੋਣਾ ਵਾਲੇ ਖੰਭਿਆਂ ਉਪਰ ਟਿਕੀ ਹੋਈ ਹੈ । ਇਸਦੀ ਉਚ ਪੌੜੀ ਦੇ ਕਦਮਾਂ ਤੋਂ ਗੁੰਬਦ ਤਕ ਪੰਜ ਕਯੂਬਿਟ (ਲਗਭਗ 10 ਫੁਟ) ਹੈ । ਆਪਣੇ ਤਾਜ਼ ਪੋਸੀ ਦੇ ਸਮੇਂ ਮਹਾਂਬਲੀ ਨੇ ਇਹ ਹੁਕਮ ਦਿਤਾ ਕਿ 86 ਲਖ ਰੁਪਏ ਦੇ ਰਤਨ (ਹੀਰੇ ਜਵਾਹਰਾਤ) ਅਤੇ ਕੀਮਤੀ ਪੱਥਰ ਅਤੇ ਇਕ ਲਖ ਤੋਲਾ ਸੋਨਾ ਜਿਸਦੀ ਕੀਮਤ ਚੋਦਾਂ ਲਖ ਰੁਪਏ ਹੈ, ਨਾਲ ਸਜਾਇਆ ਜਾਣਾ ਚਾਹੀਦਾ ਹੈ । ਸਿੰਘਾਸਨ ਦੀ ਸਜਾਵਟ ਵਿਚ ਸੱਤ ਸਾਲ ਲਗ ਗਏ । ਇਸਦੀ ਸਜਾਵਟ ਵਿਚ ਜਿਹੜੇ ਕੀਮਤੀ ਪੱਥਰ ਇਸਤੇਮਾਲ ਕੀਤੇ ਗਏ ਉਨ੍ਹਾਂ ਵਿਚੋਂ ਇਕ ਰੂਬੀ ਸੀ ਜਿਸ ਦੀ ਕੀਮਤ ਇਕ ਲਖ ਰੁਪਿਆ ਸੀ ਅਤੇ ਜਿਸਨੂੰ ਸ਼ਾਹ ਅਬਾਸ ਸਫਾਵੀ ਨੇ ਮਰਹੂਮ ਬਾਦਸ਼ਾਹ ਜਹਾਂਗੀਰ ਨੂੰ ਭੇਜਿਆ ਸੀ । ਇਸ ਰੂਬੀ ਉਪਰ ਮਹਾਨ ਬਾਦਸ਼ਾਹ ਤਿਮੂਰ ਸਾਹਿਬ–ਏ ਕਿਰਾਨ, ਮਿਰਜ਼ਾ ਸ਼ਾਹਰੁਖ, ਮਿਰਜ਼ਾ ਉਲੁਗ ਬੇਗ ਅਤੇ ਸ਼ਾਹ ਅਬਬਾਸ ਦੇ ਨਾਲ ਨਾਲ ਅਕਬਰ, ਜਹਾਂਗੀਰ ਅਤੇ ਖੁਦ ਮਹਾਂਬਲੀ (ਮਹਾਮਹਿਮ) ਦੇ ਨਾਮ ਉਕਰੇ ਹੋਏ ਸਨ ।

(9.1) ਅਬੁਲ ਹਮੀਦ ਲਾਹੋਰੀ ਨੇ ਕਿਸ ਸਰੋਤ ਦੇ ਹਵਾਲੇ ਨਾਲ ਇਸ ਰਤਨਾਂ ਜੜੇ ਸਿੰਘਾਸਨ ਉਪਰ ਰੋਸ਼ਨੀ ਪਾਈ ? *1*

(9.2) ਸਿੰਘਾਸਨ ਉਪਰ ਹਿੱਸਾ ਪਾਣ ਵਾਲਿਆਂ ਦੇ ਨਾਮ ਕਿਵੇਂ ਉਕਰੇ ਹੋਏ ਸਨ ? *2*

(9.3) ਰਤਨਾਂ ਜੜਿਆ ਸਿੰਘਾਸਨ ਕਾਰੀਗਰਾਂ ਦੀ ਅੱਤੁਲ ਕੁਸ਼ਲਤਾ ਦਾ ਉਦਾਹਰਣ ਕਿਸ ਤਰ੍ਹਾਂ ਸੀ ? *1*

### ਖੰਡ ਘ

### (ਮਾਨਚਿੱਤਰ-ਅਧਾਰਿਤ ਪ੍ਰਸ਼ਨ) *1+1=2*

**10.** (10.1) **ਭਾਰਤ** ਦੇ ਦਿੱਤੇ ਗਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 7 ਤੇ), ਵਿਚ ਹੇਠ ਲਿਖਿਆਂ ਵਿਚੋਂ ਕਿਸੇ ***ਇਕ*** ਨੂੰ ਢੁਕਵੇਂ ਚਿਨ੍ਹ ਦੇ ਨਾਲ ਦਰਸਾਓ ਅਤੇ ਨਾਮ ਲਿਖੋ :

(a) ਉਹ ਰਾਜ ਜਿੱਥੇ ਜਲਿਆਂਵਾਲਾ ਬਾਗ ਘਟਨਾ ਘਟੀ ਸੀ । *1*

**ਜਾਂ**

(b) ਉਹ ਥਾਂ ਜਿੱਥੇ ਗਾਂਧੀਜੀ ਨੇ ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਲਈ ਸਤਿਆਗਰਹਿ ਸ਼ੁਰੂ ਕੀਤਾ ਸੀ । *1*

(10.2) **ਭਾਰਤ** ਦੇ ਇਸ ਹੀ ਰਾਜਨੀਤਿਕ ਰੇਖਾ-ਮਾਨਚਿੱਤਰ ਉਪਰ ਮੁਗਲਾਂ ਦੇ ਰਾਜਧਾਨੀ ਨਗਰ ਨਾਲ ਜੁੜੇ ਇਕ ਸਥਾਨ ਨੂੰ 'A' ਦੇ ਰੂਪ ਵਿਚ ਦਰਸਾਇਆ ਗਿਆ ਹੈ । ਇਸ ਦੀ ਪਛਾਣ ਕਰੋ ਅਤੇ ਇਸ ਦੇ ਨਜ਼ਦੀਕ ਖਿਚੀ ਗਈ ਰੇਖਾ ਉਪਰ ਇਸਦਾ ਨਾਮ ਲਿਖੋ । *1*

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 10 ਦੀ ਥਾਂ ਤੇ ਹੈ :*

(10.1) ਮੁਗਲ ਸਾਮਰਾਜ ਦੇ ਅਧੀਨ ਕਿਸੇ ਇਕ ਖੇਤਰ ਦਾ ਨਾਮ ਲਿਖੋ । *1*

(10.2) (a) 1857 ਦੇ ਵਿਦਰੋਹ ਦੇ ਕਿਸੇ ਇਕ ਕੇਂਦਰ ਦਾ ਉਲੇਖ ਕਰੋ । *1*

**ਜਾਂ**

(b) ਉਸ ਰਾਜ ਦਾ ਨਾਮ ਲਿਖੋ ਜਿੱਥੇ ਗਾਂਧੀਜੀ ਨੇ ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਲਈ ਸਤਿਆਗਰਹਿ ਸ਼ੁਰੂ ਕੀਤਾ ਸੀ । *1*

**ਪ੍ਰਸ਼ਨ ਸੰ. 10 ਦੇ ਲਈ**

## ਭਾਰਤ ਦਾ ਰੇਖਾ-ਮਾਨਚਿੱਤਰ (ਰਾਜਨੀਤਿਕ)

## Outline Map of India (Political)

